ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/(ਸੈਕਸ਼ਨਿੰਗ ਅਥਾਰਟੀ)
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ

1. ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ
2. ਡਾ. ਬੀ.ਆਰ.ਅੰਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ
3. ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ, ਰੋਪੜ
4. ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀ: ਐਂਡ ਟੈਕ:, ਲੌਂਗੋਵਾਲ ਸੰਗਰੂਰ
5. ਥਾਪਰ ਯੂਨੀਵਰਸਿਟੀ, ਪਟਿਆਲਾ
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

ਮੀਮੋ ਨੰ: 230 ਵੈਬ ਪੋਰਟਲ/ਸਕਾਲਰਸ਼ਿਪ ਮਿਤੀ: 21-4-15

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਮੈਨੂਅਲ ਕੇਸ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਆਪ ਵੱਲੋਂ ਮੈਨੂਅਲ ਤੌਰ ਤੇ ਭੇਜੇ ਗਏ ਕੇਸਾਂ ਵਿੱਚ ਤਰੁੱਟੀਆਂ ਪਾਈਆਂ ਗਈਆਂ ਸਨ। ਇਸ ਲਈ ਆਪ ਨੂੰ ਮੁੜ ਤੋਂ ਪ੍ਰੋਫਾਰਮਾ ਨਾਲ ਨੱਥੀ ਕਰਕੇ ਭੇਜਦਿਆਂ ਦੱਸਿਆ ਜਾਂਦਾ ਹੈ ਕਿ ਨੱਥੀ ਪ੍ਰੋਫਾਰਮੇ ਦੇ ਮੁਤਾਬਕ ਦੋਹਰੇ ਰੂਪ ਵਿੱਚ ਕੇਸ ਤਿਆਰ ਕਰਕੇ ਦੋ ਸੀ.ਡੀਜ਼. ਦੋ ਐਫੀਡੈਵਿਟ ਜਿਨ੍ਹਾਂ ਵਿੱਚ ਬਿਆਨ ਕੀਤਾ ਹੋਵੇ ਕਿ ਦਰਸਾਏ ਵਿਦਿਆਰਥੀਆਂ ਤੋਂ ਇਲਾਵਾ ਕੋਈ ਵੀ ਹੋਰ ਯੋਗ ਲਾਭਪਾਤਰੀ ਦਾ ਕੇਸ ਭੇਜਣ ਤੋਂ ਨਹੀਂ ਰਹਿ ਗਿਆ ਅਤੇ ਦੂਜੇ ਐਫੀਡੈਵਿਟ ਵਿੱਚ ਫੀਸਾਂ ਨਾ ਲੈਣ ਸਬੰਧੀ ਬਿਆਨ ਦਿੱਤਾ ਗਿਆ ਹੋਵੇ। ਇਨ੍ਹਾਂ ਤੋਂ ਇਲਾਵਾ ਜੇਕਰ ਕੋਈ ਹੋਰ ਹਾਰਡ ਕਾਪੀ ਆਪ ਨੂੰ ਪ੍ਰਾਪਤ ਹੁੰਦੀ ਹੈ ਤਾਂ ਉਸ ਨੂੰ ਆਪਣੀ ਪੱਧਰ ਤੇ ਦਫ਼ਤਰੀ ਰਿਕਾਰਡ ਹਿੱਤ ਰੱਖ ਲਿਆ ਜਾਵੇ। ਇਸ ਪ੍ਰੋਫਾਰਮੇ ਨੂੰ ਆਪ ਵੱਲੋਂ ਅਤੇ ਆਪਦੇ ਅਧੀਨ ਆਉਂਦੀਆਂ ਸੰਸਥਾਵਾਂ ਵੱਲੋਂ Attest ਕਰਕੇ ਭੇਜਿਆ ਜਾਵੇ ਅਤੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਹਦਾਇਤ ਕਰ ਦਿੱਤੀ ਜਾਵੇ ਕਿ ਉਹ ਸਿੱਧੇ ਤੌਰ ਤੇ ਲਾਈਨ ਵਿਭਾਗ ਨੂੰ Aproach ਨਾ ਕਰਨ। ਸਿਰਫ ਸੈਕਸ਼ਨਿੰਗ ਅਥਾਰਟੀ ਹੀ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਕੇਸ ਲਾਈਨ ਵਿਭਾਗ ਤੋਂ ਭਲਾਈ ਵਿਭਾਗ ਨੂੰ ਫਾਰਵਰਡ ਕਰਵਾਉਣ।ਨੱਥੀ ਪ੍ਰੋਫਾਰਮੇ ਅਨੁਸਾਰ ਡਾਟਾ ਸਿਰਫ ਐਕਸਲ ਸ਼ੀਟ ਵਿੱਚ ਹੀ ਤਿਆਰ ਕਰਕੇ ਭੇਜਿਆ ਜਾਵੇ।

ਇਹ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਕੇਸ ਆਪਣੇ ਕਾਲਜ ਦੇ ਵਿਸ਼ੇਸ਼ ਹਰਕਾਰੇ ਰਾਹੀਂ ਤੁਰੰਤ ਲਾਈਨ ਵਿਭਾਗ ਨੂੰ ਭੇਜੇ ਜਾਣ ਤਾਂ ਜੋ ਭਲਾਈ ਵਿਭਾਗ ਨੂੰ ਸਮੇਂ ਸਿਰ ਅਦਾਇਗੀ ਕਰਨ ਹਿੱਤ ਭੇਜੇ ਜਾ ਸਕਣ।

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ/ਉਪਰੋਕਤ ਅਨੁਸਾਰ,

ਪਿੰਠ ਅੰਕਣ ਨੰ: ਵੈਬ ਪੋਰਟਲ/ਸਕਾਲਰਸ਼ਿਪ ਮਿਤੀ:

ਇਸ ਦਾ ਉਤਾਰਾ ਪ੍ਰੋਗਰਾਮਰ (ਮੁੱਖ ਦਫ਼ਤਰ) ਨੂੰ ਵਿਭਾਗ ਦੀ ਵੈਬਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।